रजिस्ट्री सं० डी—221

Price : Rs. 4.00
REGISTERED NO. D-221
ਰਜਿਸਟਰੀ ਨੰ: ਡੀ-221

भारत का राजपत्र
The Gazette of India
ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ
भाग-XIV-अनुभाग-1
PART-XIV-SECTION-1
ਭਾਗ-XIV-ਅਨੁਭਾਗ-1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

सं० 6]	नई दिल्ली,	मंगलवार, 19 दिसम्बर, 1989	/ 28 अग्रहायण,	1911	(शक)	[खण्ड IV
No. 6]	NEW DELHI,	TUESDAY, DECEMBER 19, 1989	/ AGRAHAYANA 28,	1911	(SAKA)	[VOL. IV
ਨੰ: 6]	ਨਵੀਂ ਦਿਲੀ,	ਮੰਗਲਵਾਰ, 19 ਦਸੰਬਰ, 1989	/ 28 ਮੱਘਰ,	1911	(ਸ਼ਕ)	[ਜਿਲਦ IV

विधि और न्याय मन्त्रालय

(विधायी विभाग)

नई दिल्ली, मंगलवार, 19 दिसम्बर, 1989/28 अग्रहायण, 1911 (शक)

सेंटरल ऐकसाईज़ेज (कनवरशन टू मीटरक यूनिटस) एक्ट, 1960, प्राईज़ चिटस ऐंड मनी सरकुलेशन सकीमस (बैनिंग) एक्ट, 1978, इन्डियन पावर अलकोहल एक्ट, 1948, कमिशनस ऑफ इंक्वयारी एक्ट, 1952, रीलिजीयस इन्डोमैन्टस एक्ट, 1863, लैंड ऐकुज़ीशन (माईनस) एक्ट, 1885, नैशनल कौडिट कोर एक्ट, 1948, जजेज़ (प्रोटैक्शन) एक्ट, 1985, पावर्स ऑफ अटरनी एक्ट, 1882, सेलस-टैकस लॉज़ वैलीडेशन एक्ट, 1956, डरामॉटिक परफॉरमैंसस एक्ट, 1876, प्रैजिडैंट (डिसचारज़ ऑफ फंकशन्ज़) एक्ट, 1969 और आफिशल टरसटीज एक्ट, 1913 के पंजाबी अनुवाद राष्ट्रपति के प्राधिकार से प्रकाशित किए जाते है अर प्राधिकृत पाठ (केन्द्रीय विधि) अधिनियम, 1973 (1973 का 50) की धारा 2 के खण्ड (क) के अधीन पंजाबी में उसके प्राधिकृत पाठ समझे जायेगे ।

MINISTRY OF LAW AND JUSTICE

(LEGISLATIVE DEPARTMENT)

The translation in Punjabi of the Central Excises (Conversion to Metric Units) Act, 1960, the Prize Chits and Money Circulation Schemes (Banning) Act, 1978, the Indian Power Alcohal Act, 1948, the Commissions of Inquiry Act, 1952, the Religious Endowments Act, 1863, the Land Acquisition (Mines) Act, 1885, the National Cadet Corps Act, 1948, the Judges (Protection) Act, 1985, the Powers of Attorney Act, 1882, the Sales-Tax Laws Validation Act, 1956, the Dramatic Performances Act, 1876, the President (Discharge of Functions) Act, 1969, and the Official Trustees Act, 1913 are hereby published under the authority of the President and shall be deemed to be the authoritative text thereof in Punjabi under Clause (a) of Section 2 of the Authoritative Texts (Central Laws) Act, 1973 (50 of 1973).

ਕਾਨੂੰਨ ਅਤੇ ਨਿਆਂ ਮੰਤ੍ਰਾਲਾ
(ਵਿਧਾਨ ਵਿਭਾਗ)

ਸੈਂਟਰਲ ਐਕਸ਼ਾਈਜੇਜ (ਕਨਵਰਸ਼ਨ ਟੂ ਮੀਟਰਕ ਯੂਨਿਟਸ) ਐਕਟ, 1960, ਪ੍ਰਾਈਜ਼ ਚਿਟਸ ਐਂਡ ਮਨੀ ਸਰਕੂਲੇਸ਼ਨ ਸਕੀਮਸ (ਬੈਨਿੰਗ) ਐਕਟ, 1978, ਇੰਡੀਅਨ ਪਾਵਰ ਅਲਕੋਹਲ ਐਕਟ, 1948, ਕਮਿਸ਼ਨਸ ਐਂਡ ਇਨਕਵਾਇਰੀ ਐਕਟ, 1952, ਰਿਲੀਜੀਅਸ ਇੰਡੋਮੈਂਟਸ ਐਕਟ, 1863, ਲੈਂਡ ਐਕੂਜੀਸ਼ਨ (ਮਾਈਨਜ਼) ਐਕਟ, 1885, ਨੈਸ਼ਨਲ ਕੈਡਿਟ ਕੋਰ ਐਕਟ, 1948, ਜੱਜੇਜ਼ (ਪਰੋਟੈਕਸ਼ਨ) ਐਕਟ, 1985, ਪਾਵਰਸ ਐਂਡ ਅਟਰਨੀ ਐਕਟ, 1882, ਸੇਲਸ-ਟੈਕਸ ਲਾਅਜ਼ ਵੈਲੀਡੇਸ਼ਨ ਐਕਟ, 1956, ਡਰਾਮਾਟਿਕ ਪਰਫ਼ਾਰਮੈਂਸੇਸ ਐਕਟ, 1876, ਪ੍ਰੋਜੀਡੈਂਟ (ਡਿਸਚਾਰਜ ਐਂਡ ਫੰਕਸ਼ੰਨਜ਼) ਐਕਟ, 1969, ਅਤੇ ਆਡੀਸ਼ਲ ਟਰਸਟੀਜ਼ ਐਕਟ, 1913 ਦੇ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ਓ) ਅਧੀਨ ਉਨ੍ਹਾਂ ਦੇ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ ।

ਰਾਸ਼ਟਰਪਤੀ (ਕਾਜਕਾਰਾਂ ਦਾ ਨਿਭਾਉ) ਐਕਟ, 1969

(1969 ਦਾ ਐਕਟ ਨੰ : 16)

[1 ਜੁਲਾਈ, 1989 ਤੱਕ ਸੋਧੇ ਅਨੁਸਾਰ]

[28 ਮਈ, 1969]

ਕੁਝ ਕੁ ਅਚਾਨਕਤਾਵਾਂ ਵਿੱਚ ਰਾਸ਼ਟਰਪਤੀ ਦੇ ਕਾਜਕਾਰ ਦੇ ਨਿਭਾਉ ਲਈ ਉਪਬੰਧ ਕਰਨ ਲਈ ਐਕਟ। ਭਾਰਤ ਗਣਰਾਜ ਦੇ ਵੀਹਵੇਂ ਸਾਲ ਵਿਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :—

ਸੰਖੇਪ ਨਾਂ ।

1. ਇਸ ਐਕਟ ਨੂੰ ਰਾਸ਼ਟਰਪਤੀ (ਕਾਜਕਾਰਾਂ ਦਾ ਨਿਭਾਉ) ਐਕਟ, 1969 ਕਿਹਾ ਜਾ ਸਕੇਗਾ।

ਪਰਿਭਾਸ਼ਾਵਾਂ ।

2. ਇਸ ਐਕਟ ਵਿਚ, "ਰਾਸ਼ਟਰਪਤੀ", "ਉਪ-ਰਾਸ਼ਟਰਪਤੀ" ਅਤੇ "ਦੂਜੀ ਅਨੁਸੂਚੀ" ਦਾ ਕ੍ਰਮਵਾਰ ਮਤਲਬ ਹੈ ਭਾਰਤ ਦਾ ਰਾਸ਼ਟਰਪਤੀ, ਭਾਰਤ ਦਾ ਉਪ-ਰਾਸ਼ਟਰਪਤੀ ਅਤੇ ਸੰਵਿਧਾਨ ਦੀ ਦੂਜੀ ਅਨੁਸੂਚੀ।

ਕੁਝ ਕੁ ਅਚਾਨਕਤਾਵਾਂ ਵਿੱਚ ਰਾਸ਼ਟਰਪਤੀ ਦੇ ਕਾਜਕਾਰਾਂ ਦਾ ਨਿਭਾਉ ।

3. (1) ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ, ਦੋਹਾਂ ਦੀ ਮੌਤ, ਅਸਤੀਫੇ, ਜਾਂ ਹਟਾਏ ਜਾਣ ਕਾਰਨ, ਜਾਂ ਹੋਰਵੇਂ, ਉਨ੍ਹਾਂ ਦੇ ਅਹੁਦਿਆਂ ਦੀਆਂ ਥਾਵਾਂ ਖਾਲੀ ਹੋਣ ਦੀ ਹਾਲਤ ਵਿਚ, ਭਾਰਤ ਦਾ ਚੀਫ਼ ਜਸਟਿਸ, ਜਾਂ, ਉਸ ਦੀ ਗੈਰਹਾਜ਼ਰੀ ਵਿੱਚ ਭਾਰਤ ਦੀ ਸਰਵ-ਉਚ ਅਦਾਲਤ ਦਾ ਉਪਲੱਬਧ ਸਭ ਤੋਂ ਸੀਨੀਅਰ ਜੱਜ ਤਦ ਤੱਕ ਰਾਸ਼ਟਰਪਤੀ ਦੇ ਕਾਜਕਾਰ ਨਿਭਾਵੇਗਾ, ਜਦ ਤਕ ਰਾਸ਼ਟਰਪਤੀ ਦੇ ਅਹੁਦੇ ਦੀ ਖ਼ਾਲੀ ਥਾਂ ਭਰਨ ਲਈ ਸੰਵਿਧਾਨ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਚੁਣਿਆ ਗਿਆ ਨਵਾਂ ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲ ਨ ਲਵੇ, ਜਾਂ ਇਸ ਤਰ੍ਹਾਂ ਚੁਣਿਆ ਗਿਆ ਨਵਾਂ ਉਪ-ਰਾਸ਼ਟਰਪਤੀ ਸੰਵਿਧਾਨ ਦੇ ਅਨੁਛੇਦ 65 ਅਧੀਨ ਰਾਸ਼ਟਰਪਤੀ ਵਜੋਂ ਕਾਰਜ ਕਰਨਾ ਅਰੰਭ ਨ ਕਰ ਦੇਵੇ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ।

(2) ਰਾਸ਼ਟਰਪਤੀ ਦੇ ਕਾਜਕਾਰਾਂ ਨੂੰ ਨਿਭਾਉਂਦੇ ਸਮੇਂ ਜਦ ਉਪ-ਰਾਸ਼ਟਰਪਤੀ ਦੀ ਮੌਤ ਹੋ ਜਾਵੇ, ਜਾਂ ਉਹ ਅਸਤੀਫ਼ਾ ਦੇ ਦੇਵੇ, ਜਾਂ ਹਟਾ ਦਿੱਤਾ ਜਾਵੇ, ਜਾਂ ਹੋਰਵੇਂ ਅਹੁਦੇ ਤੇ ਨ ਰਹਿ ਜਾਵੇ, ਤਦ ਭਾਰਤ ਦਾ ਚੀਫ਼ ਜਸਟਿਸ ਜਾਂ, ਉਸ ਦੀ ਗੈਰਹਾਜ਼ਰੀ ਵਿੱਚ, ਸਭ ਤੋਂ ਸੀਨੀਅਰ ਜੱਜ, ਜਿਸਦਾ ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਗਿਆ ਹੈ, ਤੱਦ ਤੱਕ ਉਕਤ ਕਾਜਕਾਰ ਨਿਭਾਵੇਗਾ, ਜਦ ਤੱਕ ਰਾਸ਼ਟਰਪਤੀ ਆਪਣੇ ਕਰਤੱਵ ਮੁੜ ਸੰਭਾਲ ਨ ਲਵੇ, ਜਾਂ ਨਵਾਂ ਉਪ-ਰਾਸ਼ਟਰਪਤੀ ਯਥਾ ਉਪਰੋਕਤ ਚੁਣਿਆ ਨ ਜਾਵੇ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ।

(3) ਜਦ ਉਪ-ਰਾਸ਼ਟਰਪਤੀ—

(ੳ) ਰਾਸ਼ਟਰਪਤੀ ਵਜੋਂ ਕਾਰਜ ਕਰਦੇ ਸਮੇਂ, ਜਾਂ

(ਅ) ਰਾਸਟਰਪਤੀ ਦੇ ਕਾਜਕਾਰ ਨਿਭਾਉਂਦੇ ਸਮੇਂ,

ਗੈਰਹਾਜ਼ਰੀ, ਬੀਮਾਰੀ ਜਾਂ ਹੋਰ ਕਿਸੇ ਕਾਰਨ, ਰਾਸ਼ਟਰਪਤੀ ਦੇ ਕਾਰਜ ਨਿਭਾਉਣ ਵਿੱਚ ਅਸਮਰੱਥ ਹੋਵੇ, ਤਦ ਭਾਰਤ ਦਾ ਚੀਫ਼ ਜਸਟਿਸ, ਜਾਂ, ਉਸ ਦੀ ਗ਼ੈਰਹਾਜ਼ਰੀ ਵਿੱਚ ਸਭ ਤੋਂ ਸੀਨੀਅਰ ਜੱਜ, ਜਿਸ ਦਾ ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਗਿਆ ਹੈ, ਤੱਦ ਤੱਕ ਉਕਤ ਕਾਜਕਾਰ ਨਿਭਾਵੇਗਾ, ਜਦ ਤੱਕ—

(i) ਉਸ ਸੂਰਤ ਵਿਚ, ਜਿਸ ਦਾ ਖੰਡ (ੳ) ਵਿੱਚ ਹਵਾਲਾ ਦਿੱਤਾ ਗਿਆ ਹੈ, ਯਥਾ ਉਪਰੋਕਤ ਚੁਣਿਆ ਗਿਆ ਨਵਾਂ ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲ ਨ ਲਵੇ, ਜਾਂ ਰਾਸ਼ਟਰਪਤੀ ਵਜੋਂ ਕਾਰਜ ਕਰ ਰਿਹਾ ਉਪ-ਰਾਸ਼ਟਰਪਤੀ ਆਪਣੇ ਕਰਤੱਵ ਮੁੜ ਸੰਭਾਲ ਨ ਲਵੇ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ ;

(ii) ਉਸ ਸੂਰਤ ਵਿੱਚ, ਜਿਸਦਾ ਖੰਡ (ਅ) ਵਿੱਚ ਹਵਾਲਾ ਦਿੱਤਾ ਗਿਆ ਹੈ, ਰਾਸ਼ਟਰਪਤੀ ਆਪਣੇ ,ਕਰਤੱਵ ਮੁੜ ਸੰਭਾਲ ਨ ਲਵੇ, ਜਾਂ ਉਪ-ਰਾਸ਼ਟਰਪਤੀ ਆਪਣੇ ਕਰਤੱਵ ਮੁੜ ਸੰਭਾਲ ਨ ਲਵੇ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ ।

(4) ਇਸ ਧਾਰਾ ਅਧੀਨ ਰਾਸ਼ਟਰਪਤੀ ਦੇ ਕਾਜਕਾਰ ਨਿਭਾ ਰਹੇ ਵਿਅਕਤੀ ਨੂੰ, ਉਸ ਮੁਦੱਤ ਦੌਰਾਨ, ਅਤੇ ਬਾਰੇ, ਜਦ ਉਹ ਉਕਤ ਕਾਜਕਾਰ ਨਿਭਾ ਰਿਹਾ ਹੋਵੇ, ਰਾਸ਼ਟਰਪਤੀ ਦੀਆਂ ਸਭ ਸ਼ਕਤੀਆਂ ਅਤੇ ਉਨਮੁਕਤੀਆਂ ਪ੍ਰਾਪਤ ਹੋਣਗੀਆਂ ਅਤੇ ਉਹ ਅਜਿਹੀਆਂ ਉਪਲਭਤਾਂ, ਭੱਤਿਆਂ ਅਤੇ ਵਿਸ਼ੇਸ਼-ਅਧਿਕਾਰਾਂ ਦਾ, ਜੋ ਸੰਸਦ ਕਾਨੂੰਨ ਦੁਆਰਾ ਤੈਅ ਕਰੇ ਅਤੇ, ਜਦ ਤੱਕ ਉਸ ਨਮਿਤ ਇਸ ਤਰ੍ਹਾਂ ਉਪਬੰਧ ਨ ਕੀਤਾ ਜਾਵੇ, ਅਜਿਹੀਆਂ ਉਪਲਭੱਤਾਂ, ਭੱਤਿਆਂ ਅਤੇ ਵਿਸ਼ੇਸ਼-ਅਧਿਕਾਰਾਂ ਦਾ, ਜੋ ਦੂਜੀ ਅਨੁਸੂਚੀ ਵਿੱਚ ਉਲਿਖਤ ਹਨ, ਹੱਕਦਾਰ ਹੋਵੇਗਾ ।